# जोगिया दर तेरे ते

ਜੈ,,, ਜੋਗੀ ਦੀ ਜੈ ਜੈ x|| -||
ਬਾਬਾ ਜੀ ਤੇਰੇ, ਕੌਤਕ ਅਜ਼ਬ ਨਿਰਾਲੇ ।
ਕਿੰਨੇ ਆਏ ਪਰਖਾਂ ਵਾਲੇ ॥,,
ਕਿ ਜਿੰਨੇ, ਆਏ ਪਰਖਾਂ ਵਾਲੇ,
ਸਭ ਦੀਆਂ, ਆਕੜਾਂ ਢਹਿਣਗੀਆਂ*,,,
ਜੋਗੀਆ, ਦਰ ਤੇਰੇ ਤੇ, ਨਿੱਤ ਕਰਾਮਾਤਾਂ ਹੁੰਦੀਆਂ ਰਹਿਣਗੀਆਂ ॥

ਗੋਰਖ, ਨਾਥ ਨੇ, ਅੱਡੀ ਚੋਟੀ ਦਾ ਸੀ, ਜ਼ੋਰ ਲਗਾ ਦਿੱਤਾ ।
ਗੁਰੂ, ਦਿੱਤਾੜ੍ਰੇ ਬਿਨ, ਗੁਰੂ ਦਾ ਦਰਜ਼ਾ, ਓਹਨਾਂ ਨੇ ਨਾ ਦਿੱਤਾ ॥
ਜਾ ਗੋਰਖਾ, ਸਾਥੋਂ ਨਾ ਤੇਰੀਆਂ, ਮੁੰਦਰਾਂ ਪੈਣਗੀਆਂ* ॥,
ਜੋਗੀਆ, ਦਰ ਤੇਰੇ ਤੇ, ਨਿੱਤ ਕਰਾਮਾਤਾਂ ਹੁੰਦੀਆਂ ਰਹਿਣਗੀਆਂ ॥

ਲੱਸੀ, ਰੋਟੀਆਂ ਵਾਲੇ, ਦੇ ਓਹ ਕਿੱਸੇ, ਦੁਨੀਆਂ ਜਾਣਦੀ ਏ ।
ਗਰੂਣਾ, ਝਾੜੀ ਅੱਜ ਵੀ, ਪਈ ਵੇਖ ਲਓ, ਜਵਾਨੀਆਂ ਮਾਣਦੀ ਏ ॥
ਫਸਲਾਂ, ਦੂਣ ਸਵਾਈਆਂ, ਤੇਰੇ ਕਿੱਸੇ ਕਹਿਣਗੀਆਂ* ॥,
ਜੋਗੀਆ, ਦਰ ਤੇਰੇ ਤੇ, ਨਿੱਤ ਕਰਾਮਾਤਾਂ ਹੁੰਦੀਆਂ ਰਹਿਣਗੀਆਂ ॥

ਸੱਚੀ, ਸ਼ਰਧਾ ਹੋਵੇ, ਦਿਲ ਵਿੱਚ, ਦਰ ਤੋਂ ਖ਼ਾਲੀ ਜਾਵੇ ਕੇਹੜਾ ।
ਪ੍ਰਦੀਪ, ਕਰਨ ਨੂੰ, ਹਰ ਪਲ ਰਹਿੰਦਾ, ਖਿੱਚਦਾ ਤੇਰਾ ਵੇਹੜਾ ॥
ਤੇਰੀਆਂ, ਚਾੜ੍ਹੀਆਂ ਗੁੱਡੀਆਂ, ਜੱਗ ਤੋਂ ਕਿੱਥੇ ਲਹਿਣਗੀਆਂ* ॥,
ਜੋਗੀਆ, ਦਰ ਤੇਰੇ ਤੇ, ਨਿੱਤ ਕਰਾਮਾਤਾਂ ਹੁੰਦੀਆਂ ਰਹਿਣਗੀਆਂ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/26961/title/jogiya-dar-tere-te

अपने Android मोबाइल पर BhajanGanga App डाउनलोड करें और भजनों का आनंद ले |